# ਪਵਿੱਤਰ ਆਤਮਾ ਦੀ ਨਿੰਦਿਆ ਕਰਨਾ (ਕੁਫਰ ਬਕਣਾ)
# ਅਤੇ
# ਮੌਤ ਦਾ ਕਾਰਣ ਬਣਨ ਵਾਲਾ ਪਾਪ

ਫ੍ਰੈਂਕਲਿਨ ਦੇ ਨੋਟਸ

**ਮੱਤੀ 12:24**

ਪਰ ਫਰੀਸੀਆਂ ਨੇ ਸੁਣ ਕੇ ਕਿਹਾ ਜੋ ਇਹ ਭੂਤਾਂ ਦੇ ਸਰਦਾਰ ਬਆਲਜ਼ਬੂਲ ਦੀ ਸਹਾਇਤਾ ਤੋਂ ਬਿਨਾਂ ਭੂਤਾਂ ਨੂੰ ਨਹੀਂ ਕੱਢਦਾ।

- ਫ਼ਰੀਸੀਆਂ ਨੇ ਕਿਹਾ ਕਿ ਯਿਸੂ ਦੇ ਅੰਦਰ ਪਵਿੱਤਰ ਆਤਮਾ ਦੀ **ਨਹੀਂ**, ਬਲਕਿ ਕਿਸੇ ਬੁਰੀ ਆਤਮਾ ਜਾਂ ਸ਼ਤਾਨ ਦੀ ਸ਼ਕਤੀ ਕੰਮ ਕਰਦੀ ਹੈ।

**ਮੱਤੀ 12:28**

ਪਰ ਜੇ ਮੈਂ **ਪਰਮੇਸ਼ੁਰ ਦੇ ਆਤਮਾ ਨਾਲ** ਭੂਤਾਂ ਨੂੰ ਕੱਢਦਾ ਹਾਂ ਤਾਂ ਪਰਮੇਸ਼ੁਰ ਦਾ ਰਾਜ ਤੁਹਾਡੇ ਉੱਤੇ ਆ ਪਹੁੰਚਿਆ ਹੈ।

- ਯਿਸੂ ਨੇ ਕਿਹਾ ਕਿ ਉਹ ਪਰਮੇਸ਼ੁਰ ਦੇ ਆਤਮਾ ਦੇ ਦੁਆਰਾ ਭੂਤਾਂ ਨੂੰ ਕੱਢਦਾ ਹੈ। ਇਸ ਲਈ ਉਹ ਪਰਮੇਸ਼ੁਰ ਦੇ ਆਤਮਾ ਨੂੰ ਸ਼ਤਾਨ ਕਹਿ ਰਹੇ ਸਨ।

**ਮੱਤੀ 12:31-32**

**ਇਸ ਲਈ** ਮੈਂ ਤੁਹਾਨੂੰ ਆਖਦਾ ਹਾਂ ਜੋ ਹਰੇਕ ਪਾਪ ਅਤੇ ਕੁਫਰ ਮਨੁੱਖ ਨੂੰ ਮਾਫ਼ ਕੀਤਾ ਜਾਵੇਗਾ **ਪਰ ਉਹ ਕੁਫਰ ਜਿਹੜਾ ਆਤਮਾ ਦੇ ਵਿਰੁੱਧ ਹੋਵੇ ਮਾਫ਼ ਨਹੀਂ ਕੀਤਾ ਜਾਵੇਗਾ** ਅਤੇ ਜੋ ਕੋਈ ਮਨੁੱਖ ਦੇ ਪੁੱਤ੍ਰ ਦੇ ਵਿਰੁੱਧ ਗੱਲ ਕਰੇ ਉਹ ਨੂੰ ਮਾਫ਼ ਕੀਤਾ ਜਾਵੇਗਾ ਪਰ ਜੋ ਕੋਈ ਪਵਿੱਤਰ ਆਤਮਾ ਦੇ ਵਿਰੁੱਧ ਗੱਲ ਕਰੇ ਇਹ ਉਸ ਨੂੰ **ਨਾ ਇਸ ਜੁੱਗ ਵਿੱਚ ਨਾ ਆਉਣ ਵਾਲੇ ਜੁੱਗ ਵਿੱਚ** ਮਾਫ਼ ਕੀਤਾ ਜਾਵੇਗਾ।

- ਇਹ **ਪਾਪ** ਇਹ ਆਖਣ ਦੁਆਰਾ ਕੀਤਾ ਜਾਂਦਾ ਹੈ ਕਿ **ਪਵਿੱਤਰ ਆਤਮਾ ਦੇ ਕੰਮ ਸ਼ਤਾਨ ਦੇ ਕੰਮ ਹਨ।**

  ਮਰਕੁਸ 3:28-30 ਤੁਲਨਾ ਕਰੋ ਮੈਂ ਤੁਹਾਨੂੰ ਸਤ ਆਖਦਾ ਹਾਂ ਕਿ ਮਨੁੱਖਾਂ ਦੇ ਪੁੱਤ੍ਰਾਂ ਦੇ **ਸਾਰੇ ਪਾਪ ਅਤੇ ਕੁਫਰ ਜਿੰਨੇ ਉਹ ਬਕਣਗੇ ਮਾਫ਼ ਕੀਤੇ ਜਾਣਗੇ** ਪਰ ਜੋ ਕੋਈ **ਪਵਿੱਤਰ ਆਤਮਾ** ਦੇ ਵਿਰੁੱਧ ਕੁਫਰ ਬੋਲੇ ਉਹ ਨੂੰ **ਕਦੇ ਵੀ** ਮਾਫ਼ੀ **ਨਹੀਂ** ਮਿਲੇਗੀ ਪਰ **ਸਦਾ ਦੇ ਪਾਪ** ਦੇ ਵੱਸ ਵਿੱਚ ਆ ਗਿਆ ਕਿਉਂ ਜੋ ਉਨ੍ਹਾਂ ਆਖਿਆ ਸੀ ਭਈ ਭਰਿਸ਼ਟ ਆਤਮਾ ਉਹ ਦੇ ਵਿੱਚ ਹੈ।

    - **ਉਹ ਪਵਿੱਤਰ ਆਤਮਾ ਨੂੰ ਸ਼ਤਾਨ ਆਖ ਰਹੇ ਹਨ।**

1. ਯਿਸੂ ਪਵਿੱਤਰ ਆਤਮਾ ਦੇ ਪ੍ਰਤੀ ਆਦਰ ਵਿਖਾ ਰਿਹਾ ਹੈ ਅਤੇ ਉਸ ਨੂੰ ਉੱਚਾ ਕਰ ਰਿਹਾ ਹੈ।

2. ਵਿਸ਼ਵਾਸ ਕਰਨ ਵਾਲਾ ਹਰੇਕ ਵਿਅਕਤੀ – ਦੁਬਾਰਾ ਜਨਮਿਆ ਹੈ – ਪਵਿੱਤਰ ਆਤਮਾ "ਉਸ ਵਿੱਚ" ਹੈ ਅਤੇ ਉਸ ਕੋਲ ਆਤਮਿਕ ਸਮਝ ਹੈ। ਇਸ ਵਿੱਚ **ਸੰਦੇਹ ਹੈ** ਕਿ ਐਸਾ ਵਿਅਕਤੀ **ਜਾਣਬੁੱਝ** ਕੇ **ਪਵਿੱਤਰ ਆਤਮਾ ਦੀ ਨਿੰਦਿਆ ਕਰ ਸਕਦਾ ਹੈ ਅਤੇ ਉਸ ਦੇ ਵਿਰੁੱਧ ਬੋਲ ਸਕਦਾ ਹੈ।**

3. ਇੱਕ **ਅਵਿਸ਼ਵਾਸੀ ਵਿਅਕਤੀ** ਯਿਸੂ ਦੀ ਨਿੰਦਿਆ (ਮੰਦਾ ਬੋਲਣਾ) ਕਰ ਸਕਦਾ ਹੈ, ਜੋ ਕਿ ਮਾਫ਼ ਕੀਤੀ ਜਾ ਸਕਦੀ ਹੈ, ਪਰ **ਘੱਟ ਹੀ** ਅਜਿਹਾ ਹੋਵੇਗਾ ਕਿ ਇੱਕ **ਅਵਿਸ਼ਵਾਸੀ** ਪਵਿੱਤਰ ਆਤਮਾ ਦੇ ਬਾਰੇ ਜਾਣਦਾ ਹੋਵੇ ਅਤੇ **ਜਾਣਬੁੱਝ ਕੇ** ਪਵਿੱਤਰ ਆਤਮਾ ਦੇ ਵਿਰੁੱਧ ਬੋਲੇ।

4. ਅਵਿਸ਼ਵਾਸੀ ਲੋਕ **ਵਿਸ਼ਵਾਸੀਆਂ ਦੀ, ਯਿਸੂ** ਦੀ ਅਤੇ **ਪਰਮੇਸ਼ੁਰ ਦੀ ਨਿੰਦਿਆ ਕਰਦੇ** ਅਤੇ ਮੰਦਾ ਬੋਲਦੇ ਹਨ, ਪਰ **ਪਵਿੱਤਰ ਆਤਮਾ** ਦੇ ਵਿਰੁੱਧ ਉਹ ਸ਼ਾਇਦ ਹੀ ਕਦੇ ਇਸ ਤਰ੍ਹਾਂ ਕਰਨ।

ਉਦਾਹਰਣ ਦੇ ਲਈ: **ਪੌਲੁਸ ਪਹਿਲਾਂ ਪ੍ਰਭੂ ਦੀ ਨਿੰਦਿਆ ਕਰਨ ਵਾਲਾ ਵਿਅਕਤੀ ਸੀ!** 1 ਤਿਮੋਥੀਉਸ 1:12-14 ਮੈਂ ਮਸੀਹ ਯਿਸੂ ਸਾਡੇ ਪ੍ਰਭੂ ਦਾ ਜਿਨ ਮੈਨੂੰ ਬਲ ਦਿੱਤਾ ਧੰਨਵਾਦ ਕਰਦਾ ਹਾਂ ਇਸ ਲਈ ਜੋ ਉਹ ਨੇ ਮੈਨੂੰ ਮਾਤਬਰ ਸਮਝ ਕੇ ਇਸ ਸੇਵਕਾਈ ਉੱਤੇ ਲਾਇਆ ਭਾਵੇਂ **ਮੈਂ ਪਹਿਲਾਂ ਕੁਫਰ ਬਕਣ ਵਾਲਾ** ਅਤੇ ਸਤਾਉਣ ਵਾਲਾ ਅਤੇ ਧੱਕੇਖੋਰਾ ਸਾਂ ਪਰ ਮੇਰੇ ਉੱਤੇ ਰਹਮ ਹੋਇਆ ਇਸ ਲਈ ਜੋ **ਮੈਂ ਇਹ ਬੇਪਰਤੀਤੀ ਵਿੱਚ ਅਣਜਾਣਪੁਣੇ ਨਾਲ ਕੀਤਾ।**

ਪੌਲੁਸ ਯਿਸੂ ਅਤੇ ਵਿਸ਼ਵਾਸੀਆਂ ਦੀ ਨਿੰਦਿਆ ਕਰਦਾ ਸੀ, ਪਰ **ਪਵਿੱਤਰ ਆਤਮਾ ਦੀ ਨਹੀਂ।** ਅਤੇ ਸਾਫ਼ ਪਤਾ ਲੱਗਦਾ ਹੈ ਕਿ **ਉਸ ਨੂੰ ਮਾਫ਼ ਕਰ ਦਿੱਤਾ ਗਿਆ ਸੀ।**

ਹੇਠਾਂ ਬਾਰਨਸ ਦੀਆਂ ਟਿੱਪਣੀਆਂ ਵਿੱਚੋਂ ਇੱਕ ਅੰਸ਼ ਦਿੱਤਾ ਗਿਆ ਹੈ:
ਮੱਤੀ 12:31-32 ਇਸ ਥਾਂ 'ਤੇ ਅਤੇ ਮਰਕੁਸ 3:28-30 ਵਿੱਚ ਯਿਸੂ ਦੱਸਦਾ ਹੈ ਕਿ ਉਹ ਪਾਪ ਕਿੰਨਾ ਭਿਆਨਕ ਹੈ ਜਿਸ ਦੇ ਉਹ ਦੋਸ਼ੀ ਸਨ ਅਤੇ ਉਹ ਪਾਪ ਸੀ **ਪਵਿੱਤਰ ਆਤਮਾ ਦੇ ਵਿਰੁੱਧ**। ਇਸ ਵਿੱਚ **ਯਿਸੂ ਉੱਤੇ ਇਹ ਦੋਸ਼ ਲਾਉਣਾ ਸ਼ਾਮਲ** ਸੀ ਕਿ ਉਹ ਸ਼ਤਾਨ ਨਾਲ ਮਿਲਿਆ ਹੋਇਆ ਹੈ ਅਤੇ ਇਹ ਵੀ ਕਿ ਜੋ ਚਮਤਕਾਰ ਉਹ ਕਰਦਾ ਸੀ ਉਹ ਪਰਮੇਸ਼ੁਰ ਦੇ "ਆਤਮਾ" ਜਾਂ ਪਰਮੇਸ਼ੁਰ ਦੀ "ਸ਼ਕਤੀ" ਦੇ ਦੁਆਰਾ **ਨਹੀਂ**, ਸਗੋਂ ਦੁਸ਼ਟ ਆਤਮਿਆਂ ਦੇ ਪ੍ਰਧਾਨ ਦੀ ਸਹਾਇਤਾ ਨਾਲ ਕਰਦਾ ਸੀ। ਇਸ ਕਰਕੇ ਇਹ ਪਵਿੱਤਰ ਆਤਮਾ ਦਾ ਸਿੱਧਾ ਅਪਮਾਨ, ਉਸ ਨੂੰ ਗਾਲੀ ਦੇਣਾ ਅਤੇ ਉਸ ਦੇ ਵਿਰੁੱਧ ਬੋਲਣਾ ਸੀ – ਅਰਥਾਤ ਉਸ ਆਤਮਾ ਦੇ ਵਿਰੁੱਧ ਜਿਸ ਦੇ ਦੁਆਰਾ ਯਿਸੂ ਚਮਤਕਾਰ ਕਰਦਾ ਸੀ।

ਉਹ ਇਸ ਪਾਪ ਦੇ ਸੰਬੰਧ ਵਿੱਚ ਇਹੋ ਗੱਲ ਕਹਿਣਾ ਚਾਹੁੰਦਾ ਸੀ, ਇਹ ਮਰਕੁਸ 3:30 ਤੋਂ ਸਪਸ਼ਟ ਹੈ, "**ਕਿਉਂ ਜੋ** ਉਨ੍ਹਾਂ ਨੇ ਆਖਿਆ ਸੀ ਭਈ ਭਰਿਸ਼ਟ ਆਤਮਾ ਉਹ ਦੇ ਵਿੱਚ ਹੈ" ਬਾਕੀ ਸਾਰੇ ਪਾਪ – ਇੱਥੋਂ ਤਕ ਕਿ ਮੁਕਤੀਦਾਤਾ ਦੇ ਵਿਰੁੱਧ ਬੋਲਿਆ ਵੀ ਮਾਫ਼ ਕੀਤਾ ਜਾ ਸਕਦਾ ਹੈ। ਪਰ **ਇਹ ਪਾਪ ਸਿੱਧਾ ਪਵਿੱਤਰ ਆਤਮਾ ਦੇ ਵਿਰੁੱਧ ਸੀ;** ਇਸ ਦਾ ਮਤਲਬ ਇਹ ਨਿੱਕਲਦਾ ਸੀ ਕਿ **ਪਰਮੇਸ਼ੁਰ ਦੀ ਦਯਾ ਅਤੇ ਸਮਰੱਥਾ ਦਾ ਸਭ ਤੋਂ ਵੱਡਾ ਪ੍ਰਗਟਾਵਾ (ਚਮਤਕਾਰ) ਸ਼ਤਾਨ ਦਾ ਕੰਮ ਸੀ।** ਇਸ ਕਰਕੇ ਜਿਸ ਪਾਪ ਦੇ ਬਾਰੇ ਉਹ ਗੱਲ ਕਰਦਾ ਹੈ ਉਸ ਦਾ ਸਪਸ਼ਟ ਵਰਣਨ ਕੀਤਾ ਗਿਆ ਹੈ। ਇਸ ਦਾ

ਮਤਲਬ ਸੀ ਯਿਸੂ ਉੱਤੇ ਦੁਸ਼ਟ ਦੀ ਸ਼ਕਤੀ ਦੁਆਰਾ ਚਮਤਕਾਰ ਕਰਨ ਦਾ ਦੋਸ਼ ਲਾਉਣਾ, ਜੋ ਕਿ ਪਵਿੱਤਰ ਆਤਮਾ ਦਾ ਨਿਰਾਦਰ ਸੀ।

ਅੱਜ ਇਹ ਫ਼ੈਸਲਾ ਕਰਨਾ ਜਾਂ ਇਹ ਕਹਿਣਾ ਬਹੁਤ ਮੁਸ਼ਕਿਲ ਹੈ ਕਿ ਕਿਸੇ ਵਿਅਕਤੀ ਨੇ ਇਹ ਪਾਪ ਕੀਤਾ ਹੈ।

ਇਹ ਪਾਪ ਕਰਨ ਲਈ, ਕੀ ਕਿਸੇ ਵਿਅਕਤੀ ਦਾ ਸਿੱਧਾ ਯਿਸੂ ਨੂੰ ਇਸ ਤਰ੍ਹਾਂ ਦੀ ਗੱਲ ਕਹਿਣਾ ਜ਼ਰੂਰੀ ਹੈ? **ਯਿਸੂ ਨੂੰ ਇਹ ਆਖਣਾ ਜੋ ਉਹ ਹੈ ਉਸ ਦਾ ਇਨਕਾਰ ਕਰਨਾ ਹੈ।**

**ਕੀ** ਕਿਸੇ **ਸੱਚੇ ਵਿਸ਼ਵਾਸੀ ਨੂੰ** ਜਾਂ ਉਸ ਦੇ ਬਾਰੇ, ਜਿਹੜਾ ਕਿ ਯਿਸੂ ਦੇ ਨਾਮ ਵਿੱਚ ਅਤੇ ਪਵਿੱਤਰ ਆਤਮਾ ਦੀ ਸ਼ਕਤੀ ਨਾਲ ਭੂਤਾਂ ਨੂੰ ਕੱਢਦਾ ਹੈ, ਉਪਰੋਕਤ ਗੱਲ ਕਹਿਣਾ "ਇਸ ਜੁੱਗ ਵਿੱਚ ਜਾਂ ਆਉਣ ਵਾਲੇ ਜੁੱਗ ਵਿੱਚ ਮਾਫ਼ ਨਹੀਂ ਕੀਤਾ ਜਾਵੇਗਾ?" ਨਹੀਂ, ਮੈਂ ਇਸ ਤਰ੍ਹਾਂ ਨਹੀਂ ਸੋਚਦਾ।

**ਭਾਵੇਂ ਉਹ ਯਿਸੂ ਦਾ ਜਾਂ ਉਸ ਦੀ ਸ਼ਖਸੀਅਤ ਦਾ ਇਨਕਾਰ ਨਾ** ਕਰਨ, **ਪਰ ਇਹ ਇਸ ਗੱਲ ਤੋਂ ਇਨਕਾਰ ਕਰਨਾ ਹੈ ਕਿ ਉਹ ਵਿਸ਼ਵਾਸੀ ਪ੍ਰਭੂ ਦੇ ਅਧਿਕਾਰ ਦੇ ਅਧੀਨ ਅਤੇ ਉਸ ਦੇ ਅਧਿਕਾਰ ਦੇ ਨਾਲ ਭੇਜਿਆ ਜਾਂਦਾ ਹੈ।** ਅੱਜ ਐਸੇ ਸਮਰਪਿਤ ਅਤੇ ਪੱਕੇ ਵਿਸ਼ਵਾਸੀ ਵੀ ਹਨ ਜੋ ਆਖਦੇ ਹਨ ਕਿ ਇਹ ਅਤੇ ਦੂਸਰੀਆਂ ਦਾਤਾਂ ਅਤੇ ਪਵਿੱਤਰ ਆਤਮਾ ਦੀਆਂ ਸੇਵਾਕਾਈਆਂ, ਸਭ ਸ਼ਤਾਨ ਵੱਲੋਂ ਹਨ। ਉਹ ਯਿਸੂ ਉੱਤੇ ਵਿਸ਼ਵਾਸ ਤਾਂ ਕਰਦੇ ਹਨ ਪਰ ਇਹ ਨਹੀਂ ਮੰਨਦੇ ਕਿ "ਪਵਿੱਤਰ ਆਤਮਾਂ ਦੀਆਂ ਕੁਝ ਦਾਤਾਂ" ਅੱਜ ਦੇ ਸਮੇਂ ਲਈ ਹਨ।

ਇਹ ਕਹਿਣਾ ਕਿ ਜਿਹੜੇ "ਕੰਮ" ਅਤੇ ਚਮਤਕਾਰ ਯਿਸੂ ਨੇ ਕੀਤੇ ਉਹ ਦੁਸ਼ਟ ਦੀ ਸ਼ਕਤੀ ਦੇ ਦੁਆਰਾ ਸਨ, **ਯਿਸੂ ਦੇ ਅਧਿਕਾਰ ਜਾਂ ਉਹ ਜੋ ਹੈ ਉਸ ਦਾ** ਅਤੇ **ਉਸ ਦੀ ਈਸ਼ੁਰਤਾਈ ਦਾ ਇਨਕਾਰ ਕਰਨਾ ਹੈ।** ਸਰੀਰਕ ਮੌਤ ਤਕ ਇਸ ਅਵਸਥਾ ਵਿੱਚ ਬਣੇ ਰਹਿਣਾ, ਭਾਵ ਕਿ ਅੰਤ ਤਕ **ਯਿਸੂ ਮਸੀਹ ਦਾ ਅਤੇ ਜੋ ਉਹ ਹੈ ਉਸ ਦਾ ਇਨਕਾਰ ਕਰਨਾ** – ਇਸ ਦਾ ਅਰਥ ਹੈ "ਇਹ ਜੁੱਗ ਵਿੱਚ ਅਤੇ ਆਉਣ ਵਾਲੇ ਜੁੱਗ ਵਿੱਚ" ਬਿਨਾਂ ਮਾਫ਼ੀ ਦੇ ਮਰਨਾ। ਉਹ ਉਸ ਪਵਿੱਤਰ ਆਤਮਾ ਦੇ ਵਿਰੁੱਧ ਬੋਲਦੇ ਹਨ ਜੋ ਉਨ੍ਹਾਂ ਉੱਤੇ ਸੱਚਾਈ ਨੂੰ ਪਰਗਟ ਕਰ ਰਿਹਾ ਹੈ ਅਤੇ ਉਸ ਨੂੰ ਝੂਠਾ ਆਖਦੇ ਹਨ।

## ਮੌਤ ਦਾ ਕਾਰਨ ਪਾਪ

**1 ਯੂਹੰਨਾ 5:16**

ਜੇ ਕੋਈ ਆਪਣੇ ਭਰਾ ਨੂੰ ਅਜਿਹਾ **ਪਾਪ** ਕਰਦਾ **ਵੇਖੇ ਜੋ ਮੌਤ ਦਾ ਕਾਰਨ ਨਹੀਂ** ਤਾਂ ਉਹ ਮੰਗੇ ਅਤੇ ਪਰਮੇਸ਼ੁਰ ਉਸ ਨੂੰ ਜੀਵਨ ਦੇਵੇਗਾ ਅਰਥਾਤ ਉਨ੍ਹਾਂ ਲਈ ਜਿਹੜੇ ਇਹੋ ਜਿਹਾ ਪਾਪ ਕਰਦੇ ਹਨ ਜੋ ਮੌਤ ਦਾ ਕਾਰਨ ਨਹੀਂ। **ਇੱਕ ਇਹੋ ਜਿਹਾ ਪਾਪ ਹੈ ਜਿਹੜਾ ਮੌਤ ਦਾ ਕਾਰਨ ਹੈ।** ਉਹ ਦੇ ਵਿਖੇ ਮੈਂ ਨਹੀਂ ਆਖਦਾ ਭਈ ਉਹ ਬੇਨਤੀ ਕਰੇ।

**ਜੋ ਯਿਸੂ ਸਾਨੂੰ ਆਖ ਜਾਂ ਦੱਸ ਰਿਹਾ ਹੈ ਉਹ ਇਹ ਹੈ:**

1. ਪਾਪ ਦੀ ਮਾਫ਼ੀ ਦੇ ਸੰਬੰਧ ਵਿੱਚ ਪ੍ਰਾਰਥਨਾ ਦੀ ਮਹੱਤਤਾ, ਲੋੜ ਅਤੇ ਅਧਿਕਾਰ (ਯਾਕੂਬ 5:15-16)

2. ਇੱਕ ਇਹੋ ਜਿਹਾ ਪਾਪ ਹੈ ਜਿਹੜਾ ਮੌਤ ਦਾ ਕਾਰਨ ਹੈ। **ਮੈਂ** ਤੁਹਾਨੂੰ ਇਹ **ਨਹੀਂ** ਕਹਿੰਦਾ ਕਿ ਇਸ ਪਾਪ ਦੀ ਮਾਫ਼ੀ ਲਈ ਪ੍ਰਾਰਥਨਾ ਕਰੋ, **ਕਿਉਂਕਿ ਇਸ ਦਾ ਕੋਈ ਫਾਇਦਾ ਨਹੀਂ ਹੋਵੇਗਾ।** ਤੁਸੀਂ ਪ੍ਰਾਰਥਨਾ ਕਰ ਸਕਦੇ ਹੋ ਪਰ ਇਸ ਦਾ ਕੋਈ ਲਾਭ ਨਹੀਂ ਹੋਵੇਗਾ।

ਇੱਥੇ ਸਵਾਲ ਇਹ ਹੈ:

**"ਮੌਤ ਦਾ ਕਾਰਨ ਬਣਨ ਵਾਲੇ ਪਾਪ" ਦਾ ਅਰਥ ਕੀ ਹੈ।**

ਨਵੇਂ ਨੇਮ ਵਿੱਚ "ਮੌਤ" ਸ਼ਬਦ ਨੂੰ **ਤਿੰਨ ਤਰੀਕਿਆਂ** ਨਾਲ ਵਰਤਿਆ ਗਿਆ ਹੈ:

(1) **ਸਰੀਰਕ**: ਸਰੀਰ ਦੀ ਮੌਤ

(2) **ਆਤਮਕ**: ਪਰਮੇਸ਼ੁਰ ਤੋਂ ਜੁਦਾਈ, ਅਫਸੀਆਂ 2:1; ਯਸਾਯਾਹ 59:2

(3) **ਦੂਸਰੀ** ਜਾਂ **ਸਦੀਪਕ ਮੌਤ**: ਪਰਕਾਸ਼ ਦੀ ਪੋਥੀ 2:11; 20:6, 14; 21:8

**"ਪਾਪ...ਜਿਹੜਾ ਮੌਤ ਦਾ ਕਾਰਨ ਹੈ"** ਇਸ ਸਵਾਲ ਨੂੰ ਸਮਝਣਾ **ਬਹੁਤ ਹੀ ਮੁਸ਼ਕਲ** ਹੈ। ਬਾਈਬਲ ਵਿਦਵਾਨ ਇਸ ਦੇ ਅਰਥ ਨੂੰ ਸਮਝਣ ਲਈ ਲਗਾਤਾਰ ਕੋਸ਼ਿਸ਼ ਕਰਦੇ ਆਏ ਹਨ। ਪਰ ਇਸ ਦਾ **ਅਰਥ ਸਪਸ਼ਟ ਨਹੀਂ ਹੈ।**

**ਮੌਤ ਦਾ ਕਾਰਨ ਪਾਪ** ਕਿਸੇ ਪਾਪ ਦੇ ਕਰਕੇ ਆਈ ਸਰੀਰਕ ਬਿਮਾਰੀ ਕਰਕੇ ਹੋਣ ਵਾਲੀ **ਸਰੀਰਕ ਮੌਤ ਨਹੀਂ** ਹੈ (ਯੂਹੰਨਾ 5:14)। ਯਿਸੂ ਨੇ **ਚੰਗਾਈ ਦੇ ਲਈ ਪ੍ਰਾਰਥਨਾ ਕੀਤੀ** ਅਤੇ ਮੁਰਦਿਆਂ ਨੂੰ ਵੀ ਜਿਵਾਲਿਆ (ਮੱਤੀ 10:8) ਅਤੇ ਸਾਨੂੰ ਵੀ ਇਸੇ ਤਰ੍ਹਾਂ ਕਰਨ ਲਈ ਆਖਿਆ ਗਿਆ ਹੈ (ਲੂਕਾ 10:9; ਯਾਕੂਬ 5:14)। ਅਤੇ ਸਾਨੂੰ **ਪਾਪ ਜੋ ਮੌਤ ਦਾ ਕਾਰਨ ਹੈ ਉਸ ਦੇ ਲਈ ਪ੍ਰਾਰਥਨਾ ਨਾ ਕਰਨ ਲਈ ਕਿਹਾ ਗਿਆ ਹੈ ਕਿਉਂਕਿ ਇਹ ਇਸ ਦਾ ਕੋਈ ਫਾਇਦਾ ਨਹੀਂ ਹੋਵੇਗਾ।**

**ਪਾਪ ਜੋ ਮੌਤ ਦਾ ਕਾਰਨ ਹੈ** ਉਹ **ਆਤਮਕ ਮੌਤ ਨਹੀਂ** ਹੈ – ਅਸੀਂ ਉਨ੍ਹਾਂ ਦੇ ਲਈ ਪ੍ਰਾਰਥਨਾ ਕਰਨੀ ਹੈ ਜੋ ਪਾਪ ਵਿੱਚ ਹਨ ਅਤੇ ਪਰਮੇਸ਼ੁਰ ਤੋਂ ਦੂਰ ਹਨ (ਅਫਸੀਆਂ 2:1) ਕਿ ਉਹ ਬਚਾਏ ਜਾਣ (2 ਤਿਮੋਥੀਉਸ 2:25-26)।

**ਪਾਪ ਜੋ ਮੌਤ ਦਾ ਕਾਰਨ ਹੈ** ਇਸ ਦਾ ਹਵਾਲਾ ਦਿੰਦਾ ਜਾਪਦਾ ਹੈ:

- **"ਦੂਸਰੀ ਮੌਤ"** ਜਾਂ **"ਸਦੀਪਕ ਮੌਤ"** – ਸਭ ਪ੍ਰਕਾਰ ਦੇ ਪਾਪ ਅਤੇ ਨਿੰਦਿਆ ਮਾਫ਼ ਕੀਤੀ ਜਾਵੇਗੀ – ਬਸ਼ਰਤੇ ਕਿ ਉਹ ਤੌਬਾ ਅਤੇ ਵਿਸ਼ਵਾਸ ਕਰਨ। ਜੇਕਰ ਉਹ **ਅਵਿਸ਼ਵਾਸ ਦੇ ਪਾਪ ਵਿੱਚ ਬਣੇ ਰਹਿੰਦੇ ਹਨ** ਤਾਂ **ਉਹ ਮਾਫ਼ ਨਹੀਂ ਕੀਤੇ ਜਾਣਗੇ।**

ਇਸ ਲਈ "**ਮੌਤ ਦਾ ਕਾਰਨ ਬਣਨ ਵਾਲਾ ਪਾਪ**" "**ਪਵਿੱਤਰ ਆਤਮਾ ਦੀ ਨਿੰਦਿਆ ਕਰਨਾ ਜਾਂ ਕੁਫਰ ਬਕਣਾ" ਹੀ** ਹੈ – ਭਾਵ ਕਿ ਇਸ **ਸੱਚਾਈ ਤੇ ਵਿਸ਼ਵਾਸ ਨਾ ਕਰਨਾ** ਕਿ ਯਿਸੂ ਮਸੀਹ ਕੌਣ ਹੈ, ਅਤੇ ਇਸ ਤਰ੍ਹਾਂ ਉਸ ਦਾ ਇਨਕਾਰ ਕਰਨਾ ਅਤੇ ਨਤੀਜੇ ਵੱਜੋਂ ਮਾਫ਼ ਨਾ ਕੀਤੇ ਜਾਣਾ।

ਯੂਹੰਨਾ 8:24 ਇਸ ਲਈ ਮੈਂ ਤੁਹਾਨੂੰ ਆਖਿਆ ਜੋ **ਤੁਸੀਂ ਆਪਣੇ ਪਾਪਾਂ ਵਿੱਚ ਮਰੋਗੇ** ਕਿਉਂਕਿ **ਜੇ ਤੁਸੀਂ ਪਰਤੀਤ ਨਾ ਕਰੋ** ਕਿ ਮੈਂ ਉਹੋ ਹਾਂ ਤਾਂ ਆਪਣੇ ਪਾਪਾਂ ਵਿੱਚ ਮਰੋਗੇ।

ਜਿਹੜਾ **ਕਦੇ ਵੀ ਵਿਸ਼ਵਾਸ ਨਹੀਂ ਕਰਦਾ** ਅਤੇ ਯਿਸੂ ਨੂੰ ਆਪਣਾ ਮੁਕਤੀਦਾਤਾ ਹੋਣ ਵੱਜੋਂ ਇਨਕਾਰ ਕਰਦਾ ਹੈ ਉਸ ਲਈ "ਦੂਸਰੀ ਮੌਤ" ਜਾਂ ਸਦੀਪਕ ਮੌਤ ਹੀ ਇੱਕੋ-ਇੱਕ ਸੰਭਵ ਅਰਥ ਜਾਪਦਾ ਹੈ।

- ਤਾਂ ਕਾਲ ਅਤੇ ਪਤਾਲ ਅੱਗ ਦੀ ਝੀਲ ਵਿੱਚ ਸੁੱਟੇ ਗਏ। ਇਹ **ਦੂਈ ਮੌਤ** ਹੈ ਅਰਥਾਤ ਅੱਗ ਦੀ ਝੀਲ। ਪਰਕਾਸ਼ ਦੀ ਪੋਥੀ 20:14

- ਪਰ ਡਰਾਕਲਾਂ, **ਬੇ ਪਰਤੀਤਿਆਂ**, ਘਿਣਾਉਣਿਆਂ, ਖ਼ੂਨੀਆਂ, ਹਰਾਮਕਾਰਾਂ, ਜਾਦੂਗਰਾਂ, ਮੂਰਤੀ ਪੂਜਕਾਂ, ਅਤੇ ਸਾਰਿਆਂ ਝੂਠਿਆਂ ਦਾ ਹਿੱਸਾ ਓਸ ਝੀਲ ਵਿੱਚ ਹਵੇਗਾਜਿਹੜੀ ਅੱਗ ਅਤੇ ਗੰਧਕ ਨਾਲ ਬਲਦੀ ਹੈ ! ਇਹ **ਦੂਈ ਮੌਤ** ਹੈ। ਪਰਕਾਸ਼ ਦੀ ਪੋਥੀ 21:8

ਪਰ ਅਸੀਂ ਕਿਵੇਂ ਜਾਣ ਸਕਦੇ ਹਾਂ ਕਿ ਉਹ ਸਦਾ ਅਵਿਸ਼ਵਾਸੀ ਹੀ ਰਹਿਣਗੇ? ਉਨ੍ਹਾਂ ਦੀ ਮੌਤ ਤਕ ਸਾਨੂੰ ਇਹ ਪ੍ਰਾਰਥਨਾ ਕਰਦੇ ਰਹਿਣਾ ਚਾਹੀਦਾ ਹੈ ਕਿ ਉਨ੍ਹਾਂ ਨੂੰ ਸੱਚਾਈ ਦਾ ਪਰਕਾਸ਼ ਦਿੱਤਾ ਜਾਵੇ, ਤਾਂ ਕਿ ਉਹ ਵਿਸ਼ਵਾਸ ਕਰਨ ਅਤੇ ਸਦੀਪਕ ਮੌਤ ਨਾ ਮਰਨ।

ਜਿਵੇਂ ਯੂਹੰਨਾ ਨੇ ਕਿਹਾ: ਮੈਂ ਤੁਹਾਨੂੰ ਇਹ **ਨਹੀਂ** ਆਖਦਾ ਕਿ ਇਸ ਪਾਪ ਦੀ ਮਾਫ਼ੀ ਲਈ ਪ੍ਰਾਰਥਨਾ ਕਰੋ, ਕਿਉਂਕਿ ਇਸ ਦਾ ਕੋਈ ਲਾਭ ਨਹੀਂ ਹੋਵੇਗਾ। ਅਤੇ ਨਾਲ ਹੀ **ਮੈਂ ਤੁਹਾਨੂੰ ਪ੍ਰਾਰਥਨਾ ਨਾ ਕਰਨ ਲਈ ਵੀ ਨਹੀਂ ਆਖਦਾ**। ਤੁਸੀਂ ਪ੍ਰਾਰਥਨਾ ਕਰ ਸਕਦੇ ਹੋ ਪਰ ਜੇਕਰ ਉਹ ਤੌਬਾ ਨਹੀਂ ਕਰਦੇ ਤਾਂ ਇਸ ਦਾ ਕੋਈ ਫਾਇਦਾ ਨਹੀਂ ਹੋਵੇਗਾ।

ਹੇਠ ਦਿੱਤੇ ਵਿਚਾਰਾਂ ਤੋਂ ਮੈਨੂੰ ਇਹੋ ਲੱਗਦਾ ਹੈ ਕਿ ਜੇਕਰ ਇਸ ਵਾਕ ਦਾ ਸਿੱਧਾ-ਸਿੱਧਾ ਉਪਰੋਕਤ ਅਰਥ ਨਹੀਂ ਹੈ, ਤਾਂ ਘੱਟ ਤੋਂ ਘੱਟ ਸੰਭਾਵਤ ਅਰਥ ਜ਼ਰੂਰ ਹੈ:

ਨਵੇਂ ਨੇਮ ਦੇ ਵਿੱਚ ਇਸ ਤਰ੍ਹਾਂ ਦੇ ਇੱਕ ਪਾਪ ਦਾ ਹਵਾਲਾ ਦਿੱਤਾ ਗਿਆ ਹੈ, ਜਿਸ ਦੇ ਲਈ ਕੋਈ ਮਾਫ਼ੀ ਨਹੀਂ ਹੈ "ਨਾ ਇਸ ਜੁੱਗ ਵਿੱਚ ਨਾ ਆਉਣ ਵਾਲੇ ਜੁੱਗ ਵਿੱਚ" (ਮੱਤੀ 12:31-32 ਅਤੇ ਮਰਕੁਸ 3:29)।

ਇਸ ਲਈ, ਇਹ ਕਿ ਇੱਥੇ ਇਹ ਹਵਾਲਾ **ਪਵਿੱਤਰ ਆਤਮਾ ਦੇ ਵਿਰੁੱਧ ਪਾਪ** ਦੇ ਬਾਰੇ ਹੈ ਅਤੇ ਇਹ ਕਿ ਯੂਹੰਨਾ ਇਹ ਦੱਸਣ ਦੀ ਕੋਸ਼ਿਸ਼ ਕਰਦਾ ਹੋਇਆ **ਪ੍ਰਾਰਥਨਾ ਦੇ ਫ਼ਰਜ਼** ਅਤੇ **ਇਸ ਦੀ ਸ਼ਕਤੀ** ਦੀ ਵਿਆਖਿਆ ਕਰ ਰਿਹਾ ਹੈ ਕਿ ਇਸ

ਤੋਂ ਹੇਠਲੇ ਦਰਜੇ ਦਾ ਕੋਈ ਵੀ ਪਾਪ, ਭਾਵੇਂ ਉਹ ਕਿੰਨਾ ਵੀ ਵੱਡਾ ਹੋਵੇ, ਉਸ ਦੇ ਸੰਬੰਧ ਵਿੱਚ ਇਹ ਪ੍ਰਾਰਥਨਾ ਕਰਨਾ ਉਨ੍ਹਾਂ ਦਾ ਫ਼ਰਜ਼ ਹੈ ਕਿ **ਭਰਾ ਨੂੰ ਮਾਫ਼ੀ ਮਿਲ ਸਕੇ**।

ਸਪਸ਼ਟ ਹੈ ਕਿ ਇਹੋ **ਇੱਕ** ਪਾਪ ਹੈ ਜਿਸ ਦੀ ਮਾਫ਼ੀ ਨਹੀਂ ਹੈ – **"ਇੱਕ ਪਾਪ ਹੈ ਜੋ ਮੌਤ ਦਾ ਕਾਰਨ ਹੈ;"** ਬਹੁਤ ਸਾਰੇ ਐਸੇ ਪਾਪ ਹਨ ਜਿਨ੍ਹਾਂ ਤੇ ਇਹ ਪਰਿਭਾਸ਼ਾ ਲਾਗੂ ਨਹੀਂ ਹੁੰਦੀ ਅਤੇ ਉਨ੍ਹਾਂ ਦੇ ਸੰਬੰਧ ਵਿੱਚ ਵਿਸ਼ਵਾਸ ਦੀ ਪ੍ਰਾਰਥਨਾ ਕੀਤੀ ਜਾ ਸਕਦੀ ਹੈ।

**ਨਾ ਮਾਫ ਕੀਤੇ ਜਾਣ ਵਾਲੇ ਪਾਪ ਦੀ ਪਰਿਭਾਸ਼ਾ ਦੇਣਾ ਅਸਾਨ ਨਹੀਂ ਹੈ** ਅਤੇ ਅਸੀਂ ਕਿਸੇ ਵੀ ਮਾਮਲੇ ਵਿੱਚ ਪੂਰੇ ਯਕੀਨ ਨਾਲ ਇਹ ਨਹੀਂ ਕਹਿ ਸਕਦੇ ਕਿ ਕਿਸੇ ਵਿਅਕਤੀ ਨੇ ਇਹ ਪਾਪ ਕੀਤਾ ਹੀ ਹੈ। ਪਰ ਲੋਕਾਂ ਵੱਲੋਂ ਕੀਤੇ ਜਾਣ ਵਾਲੇ ਐਸੇ ਬਹੁਤ ਸਾਰੇ ਪਾਪ ਹਨ ਜਿਨ੍ਹਾਂ ਬਾਰੇ ਇਹ ਪ੍ਰਾਰਥਨਾ ਕਰਨਾ ਸਹੀ ਹੈ ਕਿ ਉਹ ਮਾਫ਼ ਕੀਤੇ ਜਾਣ, ਛੁਡਾਏ ਜਾਣ/ਜਾਂ ਚੰਗਾਈ ਪਾਉਣ, ਉਹ ਮੰਗੇ ਅਤੇ ਉਹ ਉਸ ਨੂੰ ਜੀਵਨ ਦੇਵੇਗਾ ਅਰਥਾਤ ਉਨ੍ਹਾਂ ਲਈ ਜਿਹੜੇ ਇਹੋ ਜਿਹਾ ਪਾਪ ਨਹੀਂ ਕਰਦੇ ਜੋ ਮੌਤ ਦਾ ਕਾਰਨ ਨਹੀਂ ਹੈ।

ਮੈਂ ਸਾਫ਼-ਸਾਫ਼ ਨਹੀਂ ਦੱਸ ਸਕਦਾ ਕਿ ਦੂਸਰਾ "ਉਹ" ਕੌਣ ਹੈ ਜਿਸ ਦਾ ਹਵਾਲਾ ਦਿੱਤਾ ਗਿਆ ਹੈ: ਪ੍ਰਾਰਥਨਾ ਕਰਨ ਵਾਲਾ ਜਾਂ ਯਿਸੂ – **ਉਹ** ਉਸ ਨੂੰ ਜੀਵਨ ਦੇਵੇਗਾ। ਇਹ **ਪ੍ਰਾਰਥਨਾ ਕਰਨ ਵਾਲੇ ਦਾ ਹਵਾਲਾ** ਹੋ ਸਕਦਾ ਹੈ; ਅਰਥਾਤ, ਉਸ ਦੀ ਪ੍ਰਾਰਥਨਾ ਦੁਆਰਾ ਦੋਸ਼ੀ ਭਰਾ ਨੂੰ ਜ਼ਿੰਦਗੀ ਮਿਲ ਸਕਦੀ ਹੈ।

ਸਾਨੂੰ ਆਪਣੇ ਸਾਥੀ-ਪਾਪੀਆਂ ਲਈ ਬਹੁਤ ਜ਼ਿਆਦਾ ਵਫਾਦਾਰੀ ਨਾਲ ਅਤੇ ਨਿਯਮਿਤ ਰੂਪ ਵਿੱਚ ਪ੍ਰਾਰਥਨਾ ਕਰਨੀ ਚਾਹੀਦੀ ਹੈ ਤਾਂ ਕਿ ਅਸੀਂ ਉਨ੍ਹਾਂ ਦੀ ਮੁੜ-ਬਹਾਲੀ ਵਿੱਚ ਆਪਣੀ ਭੂਮਿਕਾ ਨਿਭਾ ਸਕੀਏ! ਉਨ੍ਹਾਂ ਲੋਕਾਂ ਲਈ ਸਵਰਗ ਵਿੱਚ ਕਿੰਨਾ ਵੱਡਾ ਅਨੰਦ ਉਨ੍ਹਾਂ ਦਾ ਇੰਤਜ਼ਾਰ ਕਰ ਰਿਹਾ ਹੋਵੇਗਾ ਜਿਹੜੇ ਆਪਣੀਆਂ ਪ੍ਰਾਰਥਨਾਵਾਂ ਦੇ ਉੱਤਰ ਵਿੱਚ ਤਬਾਹੀ ਤੋਂ ਬਚਾਏ ਗਏ ਬਹੁਤ ਸਾਰੇ ਲੋਕਾਂ ਨੂੰ ਉੱਥੇ ਵੇਖਣਗੇ!

ਯਾਕੂਬ 5:15-16 5 ਅਤੇ ਪ੍ਰਾਰਥਨਾ ਜਿਹੜੀ ਨਿਹਚਾ ਨਾਲ ਹੋਵੇ ਉਹ ਉਸ ਬੀਮਾਰ ਨੂੰ ਬਚਾਵੇਗੀ ਅਤੇ ਪ੍ਰਭੁ ਉਹ ਨੂੰ ਉਠਾ ਖੜਾ ਕਰੇਗਾ ਅਤੇ ਜੇ ਉਹ ਨੇ ਪਾਪ ਕੀਤੇ ਹੋਣ ਤਾਂ ਉਹ ਨੂੰ ਮਾਫ਼ ਕੀਤੇ ਜਾਣਗੇ। (16) ਇਸ ਲਈ ਤੁਸੀਂ ਆਪੋ ਵਿੱਚੀਂ ਆਪਣੇ ਪਾਪਾਂ ਦਾ ਇਕਰਾਰ ਕਰੋ ਅਤੇ ਇੱਕ ਦੂਏ ਲਈ ਪ੍ਰਾਰਥਨਾ ਕਰੋ ਭਈ ਤੁਸੀਂ ਨਰੋਏ ਹੋ ਜਾਓ। ਧਰਮੀ ਪੁਰਖ ਦੀ ਬੇਨਤੀ ਤੋਂ ਬਹੁਤ ਅਸਰ ਹੁੰਦਾ ਹੈ।

ਨਬੀਆਂ ਦੇ ਸਮੇਂ ਵਿੱਚ ਬਹੁਤ ਸਾਰੇ ਉਦਾਹਰਣ ਹਨ ਜਦੋਂ ਲੋਕਾਂ ਦਾ ਪਾਪ ਇੰਨਾ ਜ਼ਿਆਦਾ ਵਧ ਗਿਆ ਅਤੇ ਇਸ ਨੇ ਇੰਨਾ ਗੰਭੀਰ ਰੂਪ ਧਾਰਣ ਕਰ ਲਿਆ ਕਿ **ਨਬੀਆਂ ਨੂੰ ਉਨ੍ਹਾਂ ਦੇ ਲਈ ਪ੍ਰਾਰਥਨਾ ਕਰਨ ਤੋਂ ਮਨ੍ਹਾਂ ਕਰ ਦਿੱਤਾ ਗਿਆ**।

- ਯਿਰਮਿਯਾਹ 14:11 ਯਹੋਵਾਹ ਨੇ ਮੈਨੂੰ ਆਖਿਆ, ਇਸ ਪਰਜਾ ਦੇ ਭਲੇ ਲਈ **ਪ੍ਰਾਰਥਨਾ ਨਾ ਕਰ**
- ਯਿਰਮਿਯਾਹ 15:1 ਤਦ ਯਹੋਵਾਹ ਨੇ ਮੈਨੂੰ ਆਿਖਆ, ਭਾਵੇਂ ਮੂਸਾ ਅਤੇ ਸਮੂਏਲ ਮੇਰੇ ਸਨਮੁੱਖ ਖੜੇ ਹੁੰਦੇ ਤਾਂ ਵੀ ਮੇਰਾ ਜੀ ਇਸ ਪਰਜਾ ਵੱਲ ਨਾ ਝੁਕਦਾ। ਉਹਨਾਂ ਨੂੰ ਮੇਰੇ ਅੱਗੋਂ ਕੱਢ ਦੇਹ ਕਿ ਉਹ ਚਲੇ ਜਾਣ।

ਨਬੀਆਂ ਦੇ ਸਮੇਂ ਦੌਰਾਨ ਕੁਝ ਮਾਮਲਿਆਂ ਵਿੱਚ ਪਰਮੇਸ਼ੁਰ ਨੇ ਸਪਸ਼ਟ ਉਨ੍ਹਾਂ ਨੂੰ **ਲੋਕਾਂ ਦੇ ਲਈ ਪ੍ਰਾਰਥਨਾ ਕਰਨ ਤੋਂ ਰੋਕਿਆ।** ਨਵੇਂ ਨੇਮ ਵਿੱਚ ਸਾਨੂੰ ਇਸ ਤਰ੍ਹਾਂ ਦੀ ਕੋਈ ਹਿਦਾਇਤ ਨਹੀਂ ਮਿਲਦੀ। ਇੱਕ ਵਾਰ ਫਿਰ ਅਸੀਂ ਪੂਰੇ ਯਕੀਨ ਨਾਲ ਇਹ ਨਹੀਂ ਕਹਿ ਸਕਦੇ ਕਿ ਕਿਸੇ ਨੇ ਮਾਫ਼ ਨਾ ਕੀਤਾ ਜਾਣ ਵਾਲਾ ਇਹ ਪਾਪ ਕੀਤਾ ਹੀ ਹੈ, ਮਤਲਬ ਕਿ ਕੋਈ ਐਸਾ ਵਿਅਕਤੀ ਨਹੀਂ ਹੈ ਜਿਸ ਦੇ ਲਈ ਅਸੀਂ ਪ੍ਰਾਰਥਨਾ ਨਹੀਂ ਕਰਨੀ। ਐਸੇ ਲੋਕ ਵੀ ਹੋ ਸਕਦੇ ਹਨ ਜੋ ਪਾਪ ਵਿੱਚ ਇੰਨਾ ਅੱਗੇ ਲੰਘ ਚੁੱਕੇ ਹਨ ਕਿ ਉਨ੍ਹਾਂ ਲਈ ਆਸ ਦੀ ਕੋਈ ਵੀ ਜਾਂ ਛੋਟੀ ਜਿਹੀ ਵੀ ਸੰਭਾਵਨਾ ਬਾਕੀ ਨਹੀਂ ਜਾਪਦੀ। ਹੋ ਸਕਦਾ ਹੈ ਕਿ ਉਹ ਧਰਮ, ਨੈਤਿਕਤਾ ਅਤੇ ਸਦਾਚਾਰ ਦੀ ਹਰੇਕ ਪਾਬੰਧੀ ਜਾਂ ਬੰਦਸ਼ ਨੂੰ ਟੱਪ ਚੁੱਕੇ ਹਨ; ਉਨ੍ਹਾਂ ਲਈ ਮਾਤਾ-ਪਿਤਾ ਅਤੇ ਦੋਸਤਾਂ ਦੀ ਸਲਾਹ ਦਾ ਕੋਈ ਮਹੱਤਵ ਨਹੀਂ ਹੈ; ਉਹ ਕਾਮੁਕ ਜਾਂ ਦੂਸ਼ਿਤ ਹੋ ਚੁੱਕੇ ਹਨ; ਸ਼ਾਇਦ ਉਹ ਕਾਫਰਾਂ ਅਤੇ ਮਖੌਲੀਆਂ ਦੇ ਸਾਥੀ ਬਣ ਚੁੱਕੇ ਹਨ; ਸ਼ਾਇਦ ਉਹ ਸਬਤ ਤੋਂ ਘਿਰਣਾ ਕਰਦੇ ਹਨ; ਸ਼ਾਇਦ ਉਹ ਧਰਮ ਦੇ ਵਿਦਵਾਨ ਰਹੇ ਹਨ ਅਤੇ ਹੁਣ ਉਨ੍ਹਾਂ ਨੇ ਖੁਸ਼ਖਬਰੀ ਉੱਤੇ ਵਿਸ਼ਵਾਸ ਕਰਨਾ ਬਿਲਕੁਲ ਹੀ ਛੱਡ ਦਿੱਤਾ ਹੈ, ਪਰ ਫਿਰ ਵੀ, **ਜਦੋਂ ਤੱਕ ਉਹ ਜ਼ਿੰਦਾ ਹਨ, ਸਾਡਾ ਫਰਜ਼ ਹੈ ਕਿ ਅਸੀਂ ਉਨ੍ਹਾਂ ਲਈ ਪ੍ਰਾਰਥਨਾ ਕਰੀਏ।**

> **ਭਈ ਕੀ ਜਾਣੀਏ** ਜੋ ਪਰਮੇਸ਼ੁਰ ਓਹਨਾਂ ਨੂੰ **ਤੋਬਾ** ਕਰਨੀ ਬਖਸ਼ੇ ਭਈ ਸਤ ਦੇ ਗਿਆਨ ਨੂੰ ਪਰਾਪਤ ਕਰਨ। ਅਤੇ ਉਹ ਦੀ ਇੱਛਿਆ ਨੂੰ ਪੂਰਿਆਂ ਕਰਨ ਲਈ ਸ਼ਤਾਨ ਦੀ ਫਾਹੀ ਵਿੱਚ ਫੱਸ ਕੇ ਹੋਸ਼ ਵਿੱਚ ਆਣ ਕੇ ਬਚ ਨਿੱਕਲਣ। 2 ਤਿਮੋਥਿਉਸ 2:25-26

*"ਪਰਮੇਸ਼ੁਰ ਦੇ ਲਈ ਸਭ ਕੁਝ ਸੰਭਵ ਹੈ;" ਅਤੇ ਉਸ ਨੇ ਹੋਰ ਜ਼ਿਆਦਾ ਹਠੀਲੇ ਹੋ ਚੁੱਕੇ ਪਾਪੀਆਂ ਨੂੰ ਵਾਪਸ ਹਾਸਲ ਕਰ ਲਿਆ, ਜਿਨ੍ਹਾਂ ਜਿਹਾ ਹਠੀਲਾ ਇਨਸਾਨ ਸ਼ਾਇਦ ਅਸੀਂ ਹੋਰ ਕੋਈ ਨਹੀਂ ਵੇਖਿਆ, ਅਤੇ ਇਸ ਨਾਲ ਉਸ ਨੇ ਇਹ ਵਿਖਾਇਆ ਕਿ **ਐਸੀ ਕੋਈ ਭ੍ਰਿਸ਼ਟਤਾ ਨਹੀਂ ਹੈ ਜਿਸ ਉੱਤੇ ਜਿੱਤ ਪਾਉਣ ਦੀ ਸ਼ਕਤੀ ਉਸ ਕੋਲ ਨਹੀਂ ਹੈ।** ਆਓ ਅਸੀਂ ਮਨੱਸ਼ਹ, ਤਰਸੁਸ ਦੇ ਸੌਲੁਸ, ਅਗਸਤੁਸ, ਬੁਨਿਯਨ, ਨਿਊਟਨ ਅਤੇ ਉਨ੍ਹਾਂ ਹਜ਼ਾਰਾਂ ਵਿਅਕਤੀਆਂ ਨੂੰ ਯਾਦ ਕਰੀਏ ਜਿਨ੍ਹਾਂ ਨੂੰ ਉਸ ਨੇ ਸਭ ਤੋਂ ਘਿਣਾਉਣੇ ਗੁਨਾਹਾਂ ਵਿੱਚੋਂ ਬਾਹਰ ਕੱਢ ਕੇ ਵਾਪਸ ਹਾਸਲ ਕੀਤਾ, ਅਤੇ ਫਿਰ ਜਦੋਂ ਅਸੀਂ ਕੁਰਾਹੇ ਪੈ ਚੁੱਕੇ ਕਿਸੇ ਵਿਅਕਤੀ ਲਈ ਪ੍ਰਾਰਥਨਾ ਕਰਦੇ ਹਾਂ ਤਾਂ ਉਨ੍ਹਾਂ ਦੇ ਵਾਪਸ ਮੁੜਨ ਦੇ ਸੰਬੰਧ ਵਿੱਚ ਨਿਰਾਸ਼ ਨਾ ਹੋਈਏ, ਜਦੋਂ ਤਕ ਕਿ ਉਹ ਸੰਭਾਵਨਾ ਅਤੇ ਆਸ ਦੀ ਇਸ ਦੁਨੀਆਂ ਵਿੱਚ ਜ਼ਿੰਦਾ ਹਨ। ਕੋਈ ਮਾਤਾ-ਪਿਤਾ ਜਿਨ੍ਹਾਂ ਨੂੰ ਆਪਣੇ ਪੁੱਤਰ ਤੋਂ ਕਿਨਾਰਾ ਕਰਨਾ ਪਿਆ, ਨਿਰਾਸ਼ ਨਾ ਹੋਵੇ; ਕੋਈ ਪਤਨੀ ਜਿਸ ਦਾ ਪਤੀ ਦੁਰਾਚਾਰੀ ਹੈ, ਉਸ ਦੇ ਲਈ ਪ੍ਰਾਰਥਨਾ ਕਰਨਾ ਨਾ ਛੱਡੋ। ਕਿੰਨ੍ਹੇ ਹੀ ਉਜਾੜੂ ਪੁੱਤਰ ਵਾਪਸ ਆ ਗਏ ਅਤੇ ਆਪਣੇ ਬਜ਼ੁਰਗ ਮਾਤਾ-ਪਿਤਾ ਦੇ ਦਿਲ ਨੂੰ ਖੁਸ਼ੀ ਨਾਲ ਭਰਿਆ! ਕਿੰਨ੍ਹੇ ਹੀ ਦੁਰਾਚਾਰੀ ਪਤੀਆਂ ਦੇ ਜੀਵਨ ਬਦਲੇ ਗਏ ਕਿ ਆਪਣੀ ਜੁਆਨੀ ਦੀ ਪਤਨੀ ਦੇ ਜੀਵਨ ਨੂੰ ਖੁਸ਼ੀਆਂ ਨਾਲ ਭਰਨ ਅਤੇ ਆਪਣੇ ਬਦਹਾਲ ਘਰ ਨੂੰ ਫਿਰ ਤੋਂ ਸਵਰਗ ਬਣਾਉਣ।"*

(ਬਰਨਸ ਦੇ ਨੋਟਸ ਵਿੱਚੋਂ, ਇਲੈਕਟ੍ਰੋਨਿਕ ਡਾਟਾਬੇਸ, ਬਾਈਬਲਸੌਫਟ ਦਾ ਕਾਪੀਰਾਈਟ (c) 1997)

ਇਹ ਵੀ ਸੰਭਵ ਹੈ ਕਿ ਯੂਹੰਨਾ ਰਸੂਲਾਂ ਦੇ ਕਰਤੱਬ 5:1-5 ਵਿੱਚ ਹਨਾਨਿਯਾ ਅਤੇ ਸਫ਼ੀਰਾ ਨਾਲ ਵਾਪਰੀ ਘਟਨਾ ਦਾ ਜ਼ਿਕਰ ਕਰ ਰਿਹਾ ਸੀ ਤਾਂ ਹਨਾਨਿਯਾ ਨਾਮੇ ਇੱਕ ਮਨੁੱਖ ਨੇ ਆਪਣੀ ਤੀਵੀ ਸਫ਼ੀਰਾ ਨਾਲ ਰਲ ਕੇ ਮਿਲਖ ਵੇਚੀ। ਅਤੇ ਉਹ ਦੇ ਮੁੱਲ ਵਿੱਚੋਂ ਕੁਝ ਰੱਖ ਛੱਡਿਆ ਜੋ ਉਹ ਦੀ ਤੀਵੀਂ ਵੀ ਜਾਣਦੀ ਸੀ ਅਰ ਕੁਝ ਲਿਆ ਕੇ ਰਸੂਲਾਂ ਦੇ ਚਰਨਾਂ

ਉੱਤੇ ਧਰਿਆ। ਤਦ ਪਤਰਸ ਨੇ ਆਖਿਆ, ਹਨਾਨਿਯਾ, **ਸ਼ਤਾਨ** ਤੇਰੇ ਮਨ ਵਿੱਚ ਕਿਉਂ ਸਮਾਇਆ ਜੋ ਤੂੰ **ਪਵਿੱਤਰ ਆਤਮਾ ਨਾਲ ਝੂਠ ਬੋਲੇਂ** ਅਤੇ ਉਸ ਖੇਤ ਦੇ ਮੁੱਲ ਵਿੱਚੋਂ ਕੁਝ ਰੱਖ ਛੱਡੇਂ? ਜਦ ਤੀਕੁਰ ਉਹ ਰਿਹਾ, ਕੀ ਤੇਰਾ ਆਪਣਾ ਨਾ ਰਿਹਾ ? ਅਰ ਜਾਂ ਵਿਕ ਗਿਆ ਤਾਂ ਤੇਰੇ ਵੱਸ ਵਿੱਚ ਨਾ ਸੀ ? ਤੈਂ ਕਿਉਂ ਇਹ ਗੱਲ ਆਪਣੇ ਮੰਨ ਵਿੱਚ ਸੋਚੀ ? **ਤੂੰ ਮਨੁੱਖਾਂ ਨਾਲ ਨਹੀਂ ਸਗੋਂ ਪਰਮੇਸ਼ੁਰ ਨਾਲ ਝੂਠ ਬੋਲਿਆ ਹੈ। ਹਨਾਨਿਯਾ** ਇਹ ਗੱਲਾਂ ਸੁਣਦਿਆਂ ਸਾਰ **ਡਿੱਗ ਪਿਆ ਅਤੇ ਉਹ ਨੇ ਪ੍ਰਾਣ ਛੱਡ ਦਿੱਤੇ** ਅਤੇ ਜਿੰਨ੍ਹਾਂ ਸੁਣਿਆ ਨੂੰ ਵੱਡਾ ਡਰ ਲੱਗਾ।

ਮੈਨੂੰ ਯਕੀਨ ਹੈ ਕਿ ਇਸ ਨੇ ਯੂਹੰਨਾ ਅਤੇ ਬਾਕੀ ਚੇਲਿਆਂ ਤੇ ਬਹੁਤ ਡੂੰਘਾ ਅਸਰ ਪਾਇਆ, ਜਿਸ ਨੂੰ ਉਹ ਭੁੱਲ ਨਾ ਸਕੇ। ਯੂਹੰਨਾ ਨੂੰ **ਮੌਤ ਦੀ ਵਜ੍ਹਾ ਬਣਨ ਵਾਲਾ** ਇਹ ਪਾਪ ਯਾਦ ਹੈ – (ਇਸ ਤੋਂ ਅਸੀਂ ਕੇਵਲ ਇਹੋ ਸਿੱਟਾ ਕੱਢ ਸਕਦੇ ਹਾਂ ਕਿ ਇਹ **ਸਰੀਰਕ ਮੌਤ** ਦੀ ਗੱਲ ਹੈ, ਨਾ ਕਿ **ਸਦੀਪਕ ਮੌਤ** ਦੀ) ਅਤੇ ਯੂਹੰਨਾ ਇਹ ਜਾਣਦਾ ਹੈ ਕਿ ਇਸ ਤਰ੍ਹਾਂ ਦੇ ਮਾਮਲੇ ਵਿੱਚ ਮਾਫ਼ੀ ਅਤੇ ਜੀਵਨ ਲਈ ਬੇਨਤੀ ਜਾਂ ਪ੍ਰਾਰਥਨਾ ਕਰਨ ਦਾ ਕੋਈ ਲਾਭ ਨਹੀਂ ਹੋਵੇਗਾ।

ਮੇਰਾ ਵਿਸ਼ਵਾਸ ਹੈ ਕਿ "**ਪਾਪ ਜੋ ਮੌਤ ਦਾ ਕਾਰਨ ਹੈ**" ਉਸ ਦਾ ਇੱਕ ਨਤੀਜਾ ਵਿਸ਼ਵਾਸੀ ਦੀ **ਅਚਾਨਕ ਸਰੀਰਕ ਮੌਤ ਵੀ** ਹੈ – ਅਰਥਾਤ ਪ੍ਰਭੂ ਉਸ ਦੇ ਧਰਤੀ ਦੇ ਜੀਵਨ ਨੂੰ ਅਚਾਨਕ ਖਤਮ ਕਰਕੇ ਉਸ ਨੂੰ ਘਰ ਵਾਪਸ ਬੁਲਾ ਲੈਂਦਾ ਹੈ – ਕਿਸੇ ਐਸੇ ਡੂੰਘੇ ਪਾਪ ਅਤੇ ਉਸ ਪਾਪ ਦੀ ਗੰਭੀਰਤਾ ਕਰਕੇ, ਜਿਸ ਨੂੰ ਪਰਮੇਸ਼ੁਰ ਸਭਨਾਂ ਉੱਤੇ ਪਰਗਟ ਕਰਨਾ ਚਾਹੁੰਦਾ ਸੀ।

1 ਯੂਹੰਨਾ 5:16 ਵਿੱਚ ਜਦੋਂ ਯੂਹੰਨਾ ਨੇ ਇਹ ਕਿਹਾ:

> "ਉਹ ਦੇ ਵਿਖੇ ਮੈਂ ਨਹੀਂ ਆਖਦਾ ਕਿ ਉਹ ਬੇਨਤੀ ਕਰੇ।"

ਮੇਰਾ ਵਿਸ਼ਵਾਸ ਹੈ ਕਿ ਯੂਹੰਨਾ ਇਹ ਆਖ ਰਿਹਾ ਹੈ: ਇਸ ਤਰ੍ਹਾਂ ਦੇ ਪਾਪ ਲਈ ਪ੍ਰਾਰਥਨਾ ਕਰਨ ਦੀ ਜ਼ਰੂਰਤ ਨਹੀਂ ਹੈ ਕਿਉਂਕਿ ਇਹ ਮਾਫ਼ ਨਹੀਂ ਕੀਤਾ ਜਾਵੇਗਾ। ਪਰਮੇਸ਼ੁਰ ਨੇ ਉਨ੍ਹਾਂ ਨੂੰ ਘਰ ਬੁਲਾ ਲਿਆ। ਧਰਤੀ ਦੇ ਉੱਤੇ ਉਨ੍ਹਾਂ ਦਾ ਸਮਾਂ ਖਤਮ ਹੋ ਗਿਆ।

ਯੂਹੰਨਾ ਦਾ ਇਹ ਤਰਕਪੂਰਣ ਸਿੱਟਾ ਉਸ ਘਟਨਾ 'ਤੇ ਅਧਾਰਤ ਹੋ ਸਕਦਾ ਹੈ ਜੋ ਉਸ ਨੇ ਹਨਾਨਿਯਾ ਅਤੇ ਸਫ਼ੀਰਾ ਨਾਲ ਵਾਪਰਦੀ ਵੇਖੀ ਅਤੇ **ਉਹ ਸਾਨੂੰ ਇਹ ਨਹੀਂ ਆਖ ਰਿਹਾ ਕਿ ਅਸੀਂ ਪ੍ਰਾਰਥਨਾ ਨਾ ਕਰੀਏ, ਉਹ ਬਸ ਇਹ ਆਖ ਰਿਹਾ ਹੈ ਕਿ ਪ੍ਰਾਰਥਨਾ ਦਾ ਕੋਈ ਫਾਇਦਾ ਨਹੀਂ ਹੋਵੇਗਾ।**

**ਪਾਪ ਜੋ ਮੌਤ ਦਾ ਕਾਰਨ ਹੈ** ਉਸ ਦੀ ਪਰਿਭਾਸ਼ਾ ਦੇਣਾ ਆਸਾਨ ਨਹੀਂ ਹੈ ਅਤੇ ਕਿਸੇ ਵੀ ਮਾਮਲੇ ਵਿੱਚ ਸਾਡੇ ਲਈ ਪੂਰੇ ਯਕੀਨ ਨਾਲ ਇਹ ਕਹਿ ਸਕਣਾ ਅਸੰਭਵ ਹੈ ਕਿ ਵਿਅਕਤੀ ਨੇ ਇਹ ਪਾਪ ਕੀਤਾ ਹੀ ਹੈ। ਪਰ ਲੋਕਾਂ ਵੱਲੋਂ ਕੀਤੇ ਜਾਣ ਵਾਲੇ ਐਸੇ ਬਹੁਤ ਸਾਰੇ ਪਾਪ ਹਨ ਜਿਨ੍ਹਾਂ ਬਾਰੇ ਇਹ ਪ੍ਰਾਰਥਨਾ ਕਰਨਾ ਸਹੀ ਹੈ ਕਿ ਉਹ ਮਾਫ਼ ਕੀਤੇ ਜਾਣ। ਇਸ ਲਈ ਮੈਂ ਵਿਸ਼ਵਾਸ ਕਰਦਾ ਹਾਂ ਕਿ ਅਸੀਂ ਬੇਝਿਜਕ ਸਾਰਿਆਂ ਲਈ ਪ੍ਰਾਰਥਨਾ ਸਕਦੇ ਹਾਂ।

**ਪੁਰਾਣੇ ਨੇਮ ਵਿੱਚੋਂ ਸਰੀਰਕ ਮੌਤ ਦੀ ਵਜ੍ਹਾ ਬਣਨ ਵਾਲੇ ਪਾਪ ਦੇ ਉਦਾਹਰਣ:**

ਗਿਣਤੀ 16:31-38 ਤਾਂ ਐਉਂ ਹੋਇਆ ਕਿ ਜਦ ਉਹ ਏਹ ਸਾਰੀਆਂ ਗੱਲਾਂ ਬੋਲ ਚੁੱਕਿਆ ਤਾਂ **ਭੂਮੀ** ਜਿਹੜੀ ਉਨ੍ਹਾਂ ਦੇ ਹੇਠ ਸੀ **ਪਾਟ ਗਈ** (32) ਅਤੇ ਧਰਤੀ ਨੇ ਆਪਣਾ ਮੂੰਹ ਖੋਲ੍ਹ ਕੇ ਉਨ੍ਹਾਂ ਨੂੰ ਅਤੇ ਉਨ੍ਹਾਂ ਦੇ ਘਰਾਣਿਆਂ ਨੂੰ ਅਤੇ ਸਾਰੇ ਆਦਮੀਆਂ ਨੂੰ ਜਿਹੜੇ ਕੋਰਹ ਵੱਲ ਸਨ ਅਤੇ ਉਨ੍ਹਾਂ ਦਾ ਸਾਰਾ ਲਕਾ ਤੁਕਾ **ਭੱਖ ਲਿਆ।** (33) ਇਉਂ ਓਹ ਅਤੇ ਉਨ੍ਹਾਂ ਦੇ ਨਾਲ ਦੇ ਜੀਉਂਦੇ ਜੀ ਪਤਾਲ ਵਿੱਚ ਉਤਰ ਗਏ ਅਤੇ ਧਰਤੀ ਉਨ੍ਹਾਂ ਉੱਤੇ ਮਿਲ ਗਈ ਸੋ **ਓਹ** ਸਭਾ ਵਿੱਚੋਂ **ਨਾਸ ਹੋ ਗਏ।** (34) ਤਾਂ ਸਾਰੇ ਇਸਰਾਏਲੀ ਜਿਹੜੇ ਉਨ੍ਹਾਂ ਦੇ ਆਲੇ ਦੁਆਲੇ ਸਨ ਉਨ੍ਹਾਂ ਦੀਆਂ ਚੀਕਾਂ ਤੋਂ ਨੱਠ ਗਏ ਕਿਉਂ ਜੋ ਉਨ੍ਹਾਂ ਨੇ ਆਖਿਆ, ਮਤੇ ਧਰਤੀ ਸਾਨੂੰ ਵੀ ਭੱਖ ਲਵੇ ! (35) ਤਾਂ ਯਹੋਵਾਹ ਵੱਲੋਂ ਅੱਗ ਨਿੱਕਲੀ ਅਤੇ ਉਨ੍ਹਾਂ ਢਾਈ ਸੌ ਮਨੁੱਖਾਂ ਨੂੰ ਜਿਹੜੇ ਧੂਪ ਧੁਖਾਂਦੇ ਸਨ ਭਸਮ ਕਰ ਗਈ। (36) ਤਾਂ ਯਹੋਵਾਹ ਮੂਸਾ ਨਾਲ ਬੋਲਿਆ, (37) ਹਾਰੂਨ ਜਾਜ਼ਕ ਦੇ ਪੁੱਤਰ ਅਲਆਜ਼ਾਰ ਨੂੰ ਬੋਲ ਕਿ ਉਹ ਧੂਪਦਾਨਾਂ ਨੂੰ ਅੱਗ ਦੇ ਵਿੱਚੋਂ ਚੁੱਕ ਲਵੇ ਅਤੇ ਤੂੰ ਅੱਗ ਨੂੰ ਖਿਲਾਰ ਦੇਹ ਕਿਉਂ ਜੋ ਓਹ ਪਵਿੱਤਰ ਹਨ। (38) ਅਰਥਾਤ ਇਨ੍ਹਾਂ ਪਾਪੀਆਂ ਦੇ ਧੂਪਦਾਨ ਜਿਹੜੇ **ਆਪਣੀਆਂ ਜਾਨਾਂ ਦੇ ਘਾਤੀ ਸਨ...**

**ਸ਼ਿਓਲ** (ਸਟ੍ਰਾਂਗ ਦੀ ਕੰਕਾਰਡੈਂਸ #7585): ਪਤਾਲ ਜਾਂ ਮੁਰਦਿਆਂ ਦਾ ਸੰਸਾਰ (ਅਰਥਾਤ ਧਰਤੀ ਦੇ ਅੰਦਰ ਇੱਕ ਪਨਾਹਗਾਹ) KJV – ਕਬਰ, ਨਰਕ, ਟੋਆ। ਇਸ ਸ਼ਬਦ ਦਾ ਬਿਲਕੁਲ ਸਟੀਕ ਜਾਂ ਸਪਸ਼ਟ ਅਰਥ ਨਹੀਂ ਮਿਲਦਾ ਕਿ ਇਹ ਸਥਾਨ ਕਿੱਥੇ ਹੈ ਜਾਂ ਇਹ ਸਾਰੀ ਗੱਲ ਕਿਸ ਬਾਰੇ ਹੈ।

**ਉਦਾਹਰਣ ਲਈ:**

**ਹਾਰੂਨ ਗਿਣਤੀ 20:24**

ਹਾਰੂਨ **ਆਪਣੇ ਲੋਕਾਂ ਵਿੱਚ ਜਾ ਰਲੇਗਾ** ਅਤੇ ਉਹ ਉਸ ਧਰਤੀ ਵਿੱਚ ਨਹੀਂ ਵੜੇਗਾ ਜਿਹੜੀ ਮੈਂ ਇਸਰਾਏਲੀਆਂ ਨੂੰ ਦਿੱਤੀ ਹੈ **ਏਸ ਲਈ ਕਿ ਤੁਸੀਂ** ਮੇਰੇ ਹੁਕਮਾਂ ਦੇ ਵਿਰੁੱਧ ਮਰੀਬਾਹ ਦੇ ਪਾਣੀ ਉੱਤੇ **ਝਗੜਾ ਕੀਤਾ**.....(28) ਅਤੇ ਮੂਸਾ ਨੇ ਹਾਰੂਨ ਦੇ ਬਸਤ੍ਰ ਲਾਹ ਕੇ ਉਸ ਦੇ ਪੁੱਤ੍ਰ ਅਲਆਜ਼ਾਰ ਨੂੰ ਪੁਆਏ ਹਾਰੂਨ ਉਸ ਪਹਾੜ ਦੀ ਟੀਸੀ ਉੱਤੇ ਮਰ ਗਿਆ ਅਤੇ ਮੂਸਾ ਅਤੇ ਅਲਆਜ਼ਾਰ ਪਹਾੜ ਤੋਂ ਉਤਰੇ।

**ਮੂਸਾ ਬਿਵਸਥਾਸਰ 32:48-52**

ਤਾਂ ਉਸੇ ਦਿਨ ਯਹੋਵਾਹ ਨੇ ਮੂਸਾ ਨਾਲ ਏਹ ਗੱਲ ਕੀਤੀ (49) ਕਿ ਤੂੰ ਏਸ ਅਬਾਰੀਮ ਦੇ ਪਹਾੜ ਉੱਤੇ ਨਬੋ ਦੀ ਚੋਟੀ ਉੱਤੇ ਚੜ੍ਹ ਜਿਹੜਾ ਮੋਆਬ ਦੇ ਦੇਸ ਵਿੱਚ ਯਰੀਹੋ ਦੇ ਅੱਗੇ ਹੈ ਅਤੇ ਕਨਾਨ ਦੇਸ ਨੂੰ ਵੇਖ ਜਿਹੜਾ ਮੈਂ ਮਿਲਖ ਲਈ ਇਸਰਾਏਲੀਆਂ ਨੂੰ ਦੇਣ ਵਾਲਾ ਹਾਂ (50) ਅਤੇ ਉਸ **ਪਹਾੜ ਵਿੱਚ** ਜਿੱਥੇ ਤੂੰ ਚੜ੍ਹ ਰਿਹਾ ਹੈਂ **ਮਰ ਜਾਹ** ਅਤੇ **ਆਪਣੇ ਲੋਕਾਂ ਵਿੱਚ ਜਾ ਮਿਲ** ਜਿਵੇਂ ਤੇਰਾ ਭਰਾ ਹਾਰੂਨ ਹੋਰ ਦੇ ਪਹਾੜ ਉੱਤੇ ਮਰ ਕੇ ਆਪਣੇ ਲੋਕਾਂ ਵਿੱਚ ਜਾ ਮਿਲਿਆ ਹੈ (51) **ਏਸ ਕਾਰਨ ਕਿ** ਤੁਸਾਂ ਸੀਨ ਦੀ ਉਜਾੜ ਵਿੱਚ ਕਾਦੇਸ਼ ਦੇ ਕੋਲ ਮਰੀਬਾਹ ਦੇ ਪਾਣੀਆਂ ਉੱਤੇ ਮੇਰਾ **ਉਲੰਘਣ ਕੀਤਾ** ਅਰਥਾਤ **ਤੁਸਾਂ** ਇਸਰਾਏਲੀਆਂ ਦੇ ਵਿੱਚ **ਮੈਨੂੰ ਪਵਿੱਤਰ ਨਾ ਠਹਿਰਾਇਆ** (52) ਏਸ ਲਈ ਤੂੰ ਉਸ ਦੇਸ ਨੂੰ ਆਪਣੇ ਸਾਹਮਣੇ ਵੇਖੇਂਗਾ ਉੱਥੇ ਉਸ ਦੇਸ ਵਿੱਚ ਜਿਹੜਾ ਮੈਂ ਇਸਰਾਏਲੀਆਂ ਨੂੰ ਦੇਣ ਵਾਲਾ ਹਾਂ ਵੜੇਂਗਾ ਨਾ।

ਇਸ ਸਭਕੁਝ ਪਹਿਲੀ ਵਾਰ ਹੋਇਆ ਸੀ, ਅਰਥਾਤ: ਪਰਮੇਸ਼ੁਰ ਦੇ ਲੋਕਾਂ ਨੇ ਪਹਿਲੀ ਵਾਰ ਇਸ ਤਰ੍ਹਾਂ ਦਾ ਪਾਪ ਕੀਤਾ ਸੀ, ਜਿਵੇਂ ਕਿ ਹਨਾਨਿਯਾ ਅਤੇ ਸਫ਼ੀਰਾ ਨੇ ਕੀਤਾ।

ਜੋ ਉਨ੍ਹਾਂ ਦੇ ਨਾਲ ਵਾਪਰਿਆ ਉਹ ਸਾਡੇ ਸਾਰਿਆਂ ਦੇ ਮਨਾਂ ਉੱਤੇ ਇਹ ਛਾਪ ਛੱਡਣ ਲਈ ਸੀ ਕਿ ਪ੍ਰਭੂ ਸਾਡੇ ਪਾਪ ਨੂੰ ਅਤੇ ਇਸ ਦੀ ਗੰਭੀਰਤਾ ਨੂੰ ਕਿਸ ਤਰ੍ਹਾਂ ਵੇਖਦਾ ਹੈ।

1 ਕੁਰਿੰਥੀਆ 10:1-13 ਹੇ ਭਰਾਵੋ, ਮੈਂ ਨਹੀਂ ਚਾਹੁੰਦਾ ਜੋ ਤੁਸੀਂ ਇਸ ਤੋਂ ਅਣਜਾਣ ਰਹੋ ਕਿ ਸਾਡੇ ਪਿਉ ਦਾਦੇ ਬੱਦਲ ਦੇ ਹੇਠ ਸਨ ਅਤੇ ਓਹ ਸੱਭੇ ਸਮੁੰਦਰ ਦੇ ਵਿੱਚੋਂ ਦੀ ਲੰਘ ਗਏ (2) ਅਤੇ ਸਭਨਾਂ ਨੂੰ ਉਸ ਬੱਦਲ ਅਤੇ ਉਸ ਸਮੁੰਦਰ ਵਿੱਚ ਮੂਸਾ ਦਾ ਬਪਤਿਸਮਾ ਮਿਲਿਆ (3) ਸਭਨਾਂ ਨੇ ਇੱਕੋ ਆਤਮਕ ਭੋਜਨ ਖਾਧਾ (4) ਅਤੇ ਸਭਨਾਂ ਨੇ ਇੱਕੋ ਆਤਮਕ ਜਲ ਪੀਤਾ ਕਿਉਂ ਜੋ ਉਨ੍ਹਾਂ ਨੇ ਉਸ ਆਤਮਕ ਪੱਥਰ ਤੋਂ ਜਲ ਪੀਤਾ ਜਿਹੜਾ ਓਹਨਾਂ ਦੇ ਮਗਰ ਮਗਰ ਚੱਲਦਾ ਸੀ ਅਤੇ ਉਹ ਪੱਥਰ ਮਸੀਹ ਹੈਸੀ।

[ਉਹ ਸਭ ਪ੍ਰਭੂ ਦੇ ਲਹੂ ਨਾਲ ਛੁਡਾਏ ਹੋਏ ਲੋਕ ਸਨ। ਉਸ ਦੇ ਲੋਕ।]

(5) ਪਰੰਤੂ ਪਰਮੇਸ਼ੁਰ ਓਹਨਾਂ ਵਿੱਚੋਂ ਬਾਹਲਿਆਂ ਨਾਲ **ਪਰਸੰਨ ਨਹੀਂ ਸੀ** ਸੋ ਓਹ ਪਹਾੜ ਵਿੱਚ **ਢਹਿ ਪਏ।**

ਅਫਸੁਸ ਵਿਚਲੇ ਵਿਸ਼ਵਾਸੀਆਂ ਨੂੰ (5:10) ਪੌਲੁਸ ਨੇ ਕਿਹਾ: "....ਅਤੇ ਪਰਤਾ ਕੇ ਵੇਖੋ ਜੋ ਪਰਮੇਸ਼ੁਰ ਨੂੰ ਕੀ **ਭਾਉਂਦਾ** ਹੈ।"

ਕੁਲੁੱਸੈ ਦੇ ਵਿਸ਼ਵਾਸੀਆਂ ਨੂੰ (1:10) ਪੌਲੁਸ ਨੇ ਕਿਹਾ: "ਤਾਂ ਜੋ ਤੁਸੀਂ ਅਜਿਹੀ ਜੋਗ ਚਾਲ ਚੱਲੋ ਜਿਹੜੀ **ਪ੍ਰਭੁ ਨੂੰ** ਹਰ ਤਰ੍ਹਾਂ ਨਾਲ **ਭਾਵੇ** ਅਤੇ ਹਰੇਕ ਸੁਭ ਕਰਮ ਵਿੱਚ ਫਲਦੇ ਰਹੋ ਅਤੇ ਪਰਮੇਸ਼ੁਰ ਦੀ ਪਛਾਣ ਵਿੱਚ ਵੱਧਦੇ ਰਹੋ।

ਅਸੀਂ ਸਭ, ਵਿਸ਼ਵਾਸੀ ਹੋਣ ਦੇ ਨਾਤੇ ਆਪਣੇ ਕੰਮਾਂ ਦੇ ਦੁਆਰਾ ਪ੍ਰਭੂ ਨੂੰ **ਪ੍ਰਸੰਨ ਜਾਂ ਅਪ੍ਰਸੰਨ ਕਰ ਸਕਦੇ** ਹਾਂ। ਇਸ ਲਈ ਜਦੋਂ 1 ਕੁਰਿੰਥੀਆ 10:5 ਆਖਦੀ ਹੈ "ਪਰਮੇਸ਼ੁਰ **ਪਰਸੰਨ ਨਹੀਂ ਸੀ"** ਤਾਂ ਇਸ ਦਾ ਅਰਥ ਇਹ ਨਹੀਂ ਹੈ ਕਿ ਉਨ੍ਹਾਂ ਨੂੰ ਬੇਦਖਲ ਕਰ ਦਿੱਤਾ ਗਿਆ ਜਾਂ ਨਰਕ ਦੇ ਭਾਗੀ ਠਹਿਰਾ ਦਿੱਤਾ ਗਿਆ।

1 ਕੁਰਿੰਥੀਆ 10:6 ਅੱਗੇ ਜਾਰੀ

(6) ਅਤੇ ਏਹ ਗੱਲਾਂ **ਸਾਡੇ ਲਈ ਨਸੀਹਤ** ਬਣੀਆਂ ਭਈ ਅਸੀਂ ਮਾੜੀਆਂ ਗੱਲਾਂ ਦੀ ਕਾਮਨਾਂ ਨਾ ਕਰੀਏ ਜਿਵੇਂ ਓਹਨਾਂ ਨੇ ਕਾਮਨਾਂ ਕੀਤੀਆਂ ਸਨ (7) ਅਤੇ ਨਾ ਤੁਸੀਂ ਮੂਰਤੀ ਪੂਜਕ ਹੋਵੋ ਜਿਵੇਂ ਓਹਨਾਂ ਵਿੱਚੋਂ ਕਈਕੁ ਹੋਏ ਸਨ। ਜਿਸ ਪਰਕਾਰ ਲਿਖਿਆ ਹੋਇਆ ਹੈ ਜੋ ਓਹ ਲੋਕ ਖਾਣ ਪੀਣ ਬੈਠੇ ਅਤੇ ਹੱਸਣ ਖੇਡਣ ਨੂੰ ਉੱਠੇ (8) ਅਤੇ ਨਾ ਅਸੀਂ ਹਰਾਮਕਾਰੀ ਕਰੀਏ ਜਿਵੇਂ ਓਹਨਾਂ ਵਿੱਚੋਂ ਕਈਆਂ ਨੇ ਕੀਤੀ ਅਤੇ **ਇੱਕੋ ਦਿਨ ਵਿੱਚ** ਤੇਈ ਹਜ਼ਾਰ ਜਣਿਆਂ ਦੇ **ਸੱਥਰ ਲੱਥੇ** (9) ਅਤੇ ਨਾ ਅਸੀਂ ਪ੍ਰਭੁ ਨੂੰ ਪਰਤਾਈਏ ਜਿਵੇਂ ਓਹਨਾਂ ਵਿੱਚੋਂ ਕਈਆਂ ਨੇ ਪਰਤਾਇਆ ਅਤੇ **ਸੱਪਾਂ ਤੋਂ ਨਾਸ ਹੋਏ** (10) ਅਤੇ ਨਾ ਤੁਸੀਂ ਬੁੜ ਬੁੜ ਕਰੋ ਜਿਵੇਂ ਓਹਨਾਂ ਵਿੱਚੋਂ ਕਈਆਂ ਨੇ ਬੁੜ ਬੁੜ ਕੀਤੀ ਅਤੇ **ਨਾਸ ਕਰਨ ਵਾਲੇ ਤੋਂ ਨਾਸ ਹੋਏ।** (11) ਸੋ ਏਹ ਗੱਲਾਂ ਓਹਨਾਂ ਉੱਤੇ **ਨਸੀਹਤ** ਦੇ ਲਈ ਹੋਈਆਂ ਅਤੇ ਸਾਨੂੰ ਮੱਤ ਦੇਣ ਲਈ ਲਿਖੀਆਂ ਹੋਈਆਂ ਹਨ ਜਿਨ੍ਹਾਂ ਉੱਤੇ ਜੁੱਗਾਂ ਦੇ ਅੰਤ ਆਣ ਪਹੁੰਚੇ ਹਨ (12) ਗੱਲ ਕਾਹਦੀ ਜੋ ਕੋਈ ਆਪਣੇ ਆਪ ਨੂੰ ਖਲੋਤਾ ਹੋਇਆ ਸਮਝਦਾ ਹੈ ਸੋ ਸੁਚੇਤ ਰਹੇ ਭਈ ਕੀਤੇ ਡਿੱਗ ਨਾ ਪਵੇ।

ਉਪਰੋਕਤ ਉਦਾਹਰਣਾਂ ਵਿੱਚ ਪ੍ਰਭੂ ਦੇ ਲੋਕਾਂ ਨਾਲ ਜੋ ਵਾਪਰਿਆ, ਉਹ ਸਾਡੇ ਲਈ ਦਿੱਤੀਆਂ ਗਈਆਂ ਵਿੱਲਖਣ ਉਦਾਹਰਣਾਂ ਹਨ ਕਿ ਅਸੀਂ ਪਾਪ ਦੇ ਗੰਭੀਰ ਨਤੀਜਿਆਂ ਉੱਤੇ ਚੰਗੀ ਤਰ੍ਹਾਂ ਧਿਆਨ ਦੇਈਏ। ਕੇਵਲ ਉੱਪਰ ਦਿੱਤੇ ਗਏ ਅਨੋਖੇ ਮਾਮਲਿਆਂ ਵਿੱਚ ਹੀ ਇਹ ਹੋ ਸਕਦਾ ਕਿ ਉਨ੍ਹਾਂ ਲਈ ਕੀਤੀਆਂ ਜਾਣ ਵਾਲੀਆਂ ਸਾਡੀਆਂ ਪ੍ਰਾਰਥਨਾਵਾਂ ਦਾ ਕੋਈ ਲਾਭ ਨਾ ਹੋਵੇ ਜਾਂ ਇਨ੍ਹਾਂ ਤੋਂ ਕੁਝ ਮਦਦ ਨਾ ਮਿਲੇ।

ਯੂਹੰਨਾ 8:24 ਇਸ ਲਈ ਮੈਂ ਤੁਹਾਨੂੰ ਆਖਿਆ ਜੋ **ਤੁਸੀਂ ਆਪਣੇ ਪਾਪਾਂ ਵਿੱਚ ਮਰੋਗੇ** ਕਿਉਂਕਿ **ਜੇ ਤੁਸੀਂ ਪਰਤੀਤ ਨਾ ਕਰੋ** ਕਿ ਮੈਂ ਉਹ ਹਾਂ ਤਾਂ ਆਪਣੇ ਪਾਪਾਂ ਵਿੱਚ ਮਰੋਗੇ।